# ਨਵੇਂ ਨੇਮ ਦੀਆਂ ਪੱਤ੍ਰੀਆਂ

## ਰਸੂਲਾਂ ਨੇ ਕਲੀਸਿਯਾਵਾਂ ਅਤੇ ਆਗੂਆਂ ਨੂੰ ਨਿਰਦੇਸ਼ ਦੇਣ ਲਈ ਪੱਤ੍ਰੀਆਂ ਲਿਖੀਆਂ


ਜਿਹੜੇ ਬੱਚਿਆਂ ਨੂੰ ਸਿੱਖਿਆ ਦੇਂਦੇ ਹਨ ਉਨ੍ਹਾਂ ਨੂੰ L2b ਦਾ ਅਧਿਐਨ ਕਰਨਾ ਚਾਹੀਦਾ ਹੈ।

**1. ਆਪਣੇ ਆਪ ਨੂੰ ਪ੍ਰਾਰਥਨਾ ਅਤੇ ਪਰਮੇਸ਼ੁਰ ਦੇ ਵਚਨ ਨਾਲ ਤਿਆਰ ਕਰੋ।**

ਪ੍ਰਾਰਥਨਾ: ''ਪ੍ਰਭੂ ਯਿਸੂ ਤੂੰ ਆਪਣੇ ਲੋਕਾਂ ਨੂੰ ਬਹੁਤ ਜ਼ਿਆਦਾ ਪਿਆਰ ਕਰਦਾ ਹੈਂ ਅਤੇ ਚਾਹੁੰਦਾ ਹੈਂ, ਜੋ ਉਹ ਪੱਤ੍ਰੀਆਂ ਨੂੰ ਜਿਹੜੀਆਂ ਤੇਰੇ ਰਸੂਲਾਂ ਨੇ ਲਿਖੀਆਂ ਹਨ ਸਮਝਣ ਅਤੇ ਪਾਲਣਾ ਕਰਨ। ਮੈਨੂੰ ਉਨ੍ਹਾਂ ਦੀ ਮਦਦ ਕਰਨ ਦੇ। ਆਮੀਨ।''

ਯਿਸੂ ਦੇ ਚੁਣੇ ਹੋਏ ਪੰਜ ਰਸੂਲਾਂ ਨੇ, ਵਿਸ਼ਵਾਸੀਆਂ ਅਤੇ ਉਨ੍ਹਾਂ ਦੇ ਆਗੂਆਂ ਨੂੰ ਪੱਤ੍ਰੀਆਂ ਲਿਖੀਆਂ, ਜਿਹੜੀਆਂ ਬਾਈਬਲ ਦੇ ਨਵੇਂ ਨੇਮ ਵਿੱਚ ਸਾਡੇ ਲਈ ਸਹੀ ਸਲਾਮਤ ਰੱਖੀਆਂ ਹੋਈਆਂ ਹਨ।

ਇਹ ਰਸੂਲ ਸਨ: ਯਾਕੂਬ, ਪਤਰਸ, ਯੂਹੰਨਾ, ਯਹੂਦਾਹ ਅਤੇ ਪੌਲੁਸ। ਉਨ੍ਹਾਂ ਨੇ ਇਹ ਪਹਿਲੀ ਮਸੀਹੀ ਸਦੀ ਵਿੱਚ ਲਿਖੀਆਂ। ਉਨ੍ਹਾਂ ਦੇ ਪੱਤਰਾਂ ਨੂੰ ਪੱਤ੍ਰੀਆਂ ਕਿਹਾ ਜਾਂਦਾ ਹੈ।



**ਯਾਕੂਬ**, ਯਿਸੂ ਦਾ ਭਰਾ, ਵਿਸ਼ਵਾਸੀ ਬਣਿਆ ਅਤੇ ਯਰੂਸ਼ਲਮ ਵਿੱਚ ਵਿਸ਼ਵਾਸੀਆਂ ਦੀ ਅਗਵਾਈ ਕੀਤੀ। ਉਸਨੇ ਯਾਕੂਬ ਦੀ ਪੱਤ੍ਰੀ, ਇਸਰਾਏਲ ਦੇ ਬਾਰਾਂ ਗੋਤਾਂ ਦੇ ਯਹੂਦੀ ਮਸੀਹੀਆਂ ਨੂੰ ਲਿਖੀ, ਜਿਹੜੇ ਰੋਮ ਸਾਮਰਾਜ ਵਿੱਚ ਖਿੰਡੇ ਹੋਏ ਸਨ। ਯਾਕੂਬ 1:22 ਵਿੱਚ ਪੜ੍ਹੋ, ਉਸਨੇ ਪਰਮੇਸ਼ੁਰ ਦੇ ਵਚਨ ਨਾਲ ਕੀ ਕਰਨ ਲਈ ਕਿਹਾ।

**ਪਤਰਸ**, ਯਿਸੂ ਦਾ ਉਦੋਂ ਚੇਲਾਂ ਬਣਿਆ, ਜਦੋਂ ਉਸਨੇ ਉਸਨੂੰ ਮੱਛੀਆਂ ਦਾ ਵਪਾਰ ਛੱਡ ਕੇ ਆਪਣੇ ਮਗਰ ਆਉਣ ਲਈ ਕਿਹਾ। ਹਾਲਾਂਕਿ ਪਤਰਸ ਨੇ ਸਾਰਵਜਨਿਕ ਤੌਰ ਤੇ ਯਿਸੂ ਦਾ ਇਨਕਾਰ ਕੀਤਾ, ਉਸਨੇ ਤੋਬਾ ਕੀਤੀ ਅਤੇ ਯਾਕੂਬ ਨਾਲ ਯਰੂਸ਼ਲਮ ਵਿੱਚ ਵਿਸ਼ਵਾਸੀਆਂ ਦੀ ਅਗਵਾਈ ਕੀਤੀ। ਉਸਨੇ ਰੋਮ ਸਾਮਰਾਜ ਵਿੱਚ ਵੱਖ-ਵੱਖ ਹਿੱਸਿਆਂ ਵਿੱਚ ਰਹਿ ਰਹੇ ਮਸੀਹੀਆਂ ਨੂੰ, ਜਦੋਂ ਉਨ੍ਹਾਂ ਉੱਤੇ ਸਤਾਓ ਆਇਆ, ਵਫ਼ਾਦਾਰ ਰਹਿਣ ਲਈ ਉਤਸਾਹਿਤ ਕਰਦਿਆਂ ਪਤਰਸ ਦੀ ਪਹਿਲੀ ਅਤੇ ਦੂਜੀ ਪੱਤ੍ਰੀ ਲਿਖੀ। 1 ਪਤਰਸ 5:10 ਵਿੱਚੋਂ ਪੜ੍ਹੋ, ਪਰਮੇਸ਼ੁਰ ਨੇ ਉਨ੍ਹਾਂ ਲੋਕਾਂ ਲਈ ਪਤਰਸ ਦੁਆਰਾ ਕੀ ਵਾਅਦਾ ਕੀਤਾ ਜਿਹੜੇ ਯਿਸੂ ਲਈ ਦੁੱਖ ਉਠਾਉਂਦੇ ਹਨ।

**ਯੂਹੰਨਾ**, ਜਦ ਤੱਕ ਯਿਸੂ ਨੇ ਉਸਨੂੰ ਨਹੀਂ ਬੁਲਾਇਆ, ਤਦ ਤੱਕ ਉਹ ਯੂਹੰਨਾ ਬਪਤਿਸਮਾ ਦੇਣ ਵਾਲੇ ਦਾ ਚੇਲਾ ਸੀ। ਉਹ ਯਿਸੂ ਪ੍ਰਤੀ ਸਨੇਹਪੂਰਨ ਸੀ, ਅਤੇ ਉਸਨੇ ਦੂਜਿਆਂ ਪ੍ਰਤੀ ਅਤੇ ਇਕ ਦੂਜੇ ਪ੍ਰਤੀ, ਉਨ੍ਹਾਂ ਦਾ ਪਿਆਰ ਵਿਖਾਉਣ ਲਈ ਉਤਸਾਹਿਤ ਕੀਤਾ। ਉਸਨੇ ਯੂਹੰਨਾ ਦੀ ਪਹਿਲੀ ਪੱਤ੍ਰੀ ਸਾਰੇ ਵਿਸ਼ਵਾਸੀਆਂ ਲਈ, ਅਤੇ ਦੂਜੀ ਅਤੇ ਤੀਜੀ ਪੱਤ੍ਰੀ ਕਲੀਸਿਯਾਵਾਂ ਦੇ ਆਗੂਆਂ ਲਈ ਲਿਖੀ। 1 ਯੂਹੰਨਾ 1:4 ਅਤੇ 5:13 ਵਿੱਚ ਦੋ ਕਾਰਨ ਪੜ੍ਹੋ, ਉਸਨੇ ਆਪਣੀ ਪਹਿਲੀ ਪੱਤ੍ਰੀ ਕਿਉਂ ਲਿਖੀ।

**ਯਹੂਦਾਹ**, ਯਾਕੂਬ ਦੀ ਤਰ੍ਹਾਂ, ਯਿਸੂ ਦਾ ਭਰਾ ਸੀ ਅਤੇ ਯਰੂਸ਼ਲਮ ਵਿੱਚ ਆਗੂ ਬਣਿਆ। ਉਸਨੇ ਯਹੂਦਾਹ ਦੀ ਪੱਤ੍ਰੀ ਇਹ ਚੇਤਾਵਨੀ ਦੇਣ ਲਈ ਲਿਖੀ ਕਿ ਝੂਠੇ ਗੁਰੂ, ਵਿਸ਼ਵਾਸੀਆਂ ਨੂੰ ਧੋਖਾ ਦੇ ਰਹੇ ਸਨ ਅਤੇ ਉਨ੍ਹਾਂ ਵਿੱਚੋਂ ਕੁਝ ਦੀ ਅਗਵਾਈ ਬੁਰੇ ਵਿਹਾਰ ਵੱਲ ਕਰ ਰਹੇ ਸਨ। ਯਹੂਦਾਹ 1:3 ਵਿੱਚ ਪੜ੍ਹੋ ਕਿਉਂ ਉਸਨੇ ਆਪਣੀ ਪੱਤ੍ਰੀ ਦੇਣ ਲਿਖੀ।

**ਪੌਲੁਸ** (ਤਾਰਸਸ ਦਾ ਸਾਊਲ) ਨੂੰ ਮਸੀਹ ਦੁਆਰਾ ਇਕ ਦਰਸ਼ਣ ਰਾਹੀਂ ਰਸੂਲ ਨਿਯੁਕਤ ਕੀਤਾ ਗਿਆ। ਯਿਸੂ ਨੇ ਰੋਮ ਸਾਮਰਾਜ ਦੇ ਬਹੁਤ ਸਾਰੇ ਸ਼ਹਿਰਾਂ ਵਿੱਚ ਉਸਨੂੰ ਗੈਰ-ਯਹੂਦੀਆਂ ਕੋਲ ਭੇਜਿਆਂ। ਨਵੇਂ ਨੇਮ ਵਿੱਚ ਪੌਲੁਸ ਨੇ ਰੋਮੀਆਂ, ਕੁਰਿੰਥੀਆਂ, ਗਲਾਤੀਆਂ, ਅਫ਼ਸੀਆਂ, ਫ਼ਿਲਿਪੀਆਂ, ਕੁਲੁੱਸੀਆਂ ਅਤੇ ਥੱਸਲੁਨੀਕੀਆਂ ਨੂੰ ਪੱਤ੍ਰੀਆਂ ਲਿਖੀਆਂ, ਅਤੇ ਜਿਸ ਵਿੱਚ ਉਸਦੀਆਂ, ਫਿਲੇਮੋਨ, ਤਿਮੋਥਿਉਸ ਅਤੇ ਤੀਤੁਸ ਨੂੰ ਪੱਤ੍ਰੀਆਂ ਵੀ ਸ਼ਾਮਿਲ ਹਨ, ਜਿਹੜੀਆਂ ਉਸਨੇ ਨਵੇਂ ਆਗੂਆਂ ਨੂੰ ਲਿਖੀਆਂ ਸਨ। ਪੌਲੁਸ ਨੇ ਇਬਰਾਨੀਆਂ ਨੂੰ ਵੀ ਪੱਤ੍ਰੀ ਲਿਖੀ ਹੋਵੇਗੀ, ਜਿਸ ਵਿੱਚ ਉਸਨੇ ਯਹੂਦੀ ਵਿਸ਼ਵਾਸੀਆਂ ਨੂੰ ਪੁਰਾਣੇ ਨੇਮ ਦੀਆਂ ਜਾਨਵਰਾਂ ਦੀਆਂ ਕੁਰਬਾਨੀਆਂ ਵੱਲ ਵਾਪਸ ਮੁੜਨ ਦੀ ਬਜਾਏ, ਮਸੀਹ ਯਿਸੂ ਉੱਤੇ ਭਰੋਸਾ ਬਣਾਏ ਰੱਖਣ ਲਈ ਉਤਸਾਹਿਤ ਕੀਤਾ। 1 ਕੁਰਿੰਥੀਆਂ 4:14 ਵਿੱਚ ਪੜ੍ਹੋ ਪੌਲੁਸ ਨੇ ਕੁਰਿੰਥੀਆਂ ਨੂੰ ਕਿਉਂ ਲਿਖਿਆ।

ਰਸੂਲਾਂ ਨੇ ਯੂਨਾਨੀ ਭਾਸ਼ਾਂ ਵਿੱਚ ਲਿਖਿਆ, ਜਿਹੜੀ ਉਨ੍ਹਾਂ ਦਿਨਾਂ ਵਿੱਚ ਬਹੁਤ ਸਾਰੇ ਲੋਕ ਪੜ੍ਹਦੇ ਸਨ। ਉਨ੍ਹਾਂ ਹੋਰ ਵੀ ਪੱਤ੍ਰੀਆਂ ਲਿਖੀਆਂ, ਜਿਹੜੀਆਂ ਨਵੇਂ ਨੇਮ ਵਿੱਚ ਸ਼ਾਮਿਲ ਨਹੀਂ ਕੀਤੀਆਂ ਗਈਆਂ। ਵਿਸ਼ਵਾਸੀਆਂ ਨੇ ਰਸੂਲਾਂ ਦੀਆਂ ਪੱਤ੍ਰੀਆਂ ਦੀ ਨਕਲ ਕਰਕੇ ਅਤੇ ਉਨ੍ਹਾਂ ਨੂੰ ਹੋਰਨਾਂ ਨੂੰ ਭੇਜ ਦਿੱਤੀਆਂ (ਕੁਲੁੱ. 4:16 ਵੇਖੋ)।



ਹੇਠਾਂ ਦਿੱਤੇ ਗਏ ਨਕਸ਼ੇ ਤੇ ਵੇਖੋ ਪੂਰਬੀ ਭੂਮੱਧ ਸਾਗਰ ਸ਼ਹਿਰ ਜਿਨ੍ਹਾਂ ਨੂੰ ਪੱਤ੍ਰੀਆਂ ਲਿਖੀਆਂ ਗਈਆਂ ਹਨ।

**2. ਆਪਣੇ ਸਹਿਕਰਮੀਆਂ ਨਾਲ ਮਿਲਕੇ ਆਉਣ ਵਾਲੇ ਹਫ਼ਤੇ ਦੀਆਂ ਗਤੀਵਿਧੀਆਂ ਬਾਰੇ ਯੋਜਨਾ ਬਣਾਓ।**

- ਉਨ੍ਹਾਂ ਵਿਸ਼ਵਾਸੀਆਂ ਅਤੇ ਕਲੀਸਿਯਾਵਾਂ ਦੀ ਸੂਚੀ ਬਣਾਓ, ਜਿਨ੍ਹਾਂ ਕੋਲ ਤੁਸੀਂ ਅਕਸਰ ਨਹੀਂ ਜਾ ਸਕਦੇ।
- ਇਕੱਠੇ ਬੈਠਕੇ ਵਿੱਚਾਰ ਵਿਮਰਸ਼ ਕਰੋ ਕਿ ਉਨ੍ਹਾਂ ਨੂੰ ਤੁਹਾਡੇ ਕੋਲੋਂ ਕੀ ਸਿੱਖਣ ਦੀ ਲੋੜ ਹੈ?
- ਉਨ੍ਹਾਂ ਸਭਨਾਂ ਲਈ ਪ੍ਰਾਰਥਨਾ ਕਰੋ।
- ਪੌਲੁਸ ਦੀ ਤਰ੍ਹਾਂ, ਉਨ੍ਹਾਂ ਨੂੰ ਉਤਸਾਹਿਤ ਕਰਨ ਲਈ ਪੱਤਰ ਲਿਖੋ। ਸਾਰੇ ਜਣੇ ਉਸ ਪੱਤਰ ਤੇ ਹਸਤਾਖਰ ਕਰੋ।

**3. ਆਪਣੇ ਸਹਿਕਰਮੀਆਂ ਨਾਲ ਮਿਲਕੇ ਆਉਣ ਵਾਲੇ ਅਰਾਧਨਾ ਸਮੇਂ ਬਾਰੇ ਯੋਜਨਾ ਬਣਾਓ**

ਭਾਗ 1 ਹੇਠਾਂ ਦਿੱਤੇ ਗਏ ਕਾਰਨ ਦੱਸੋ, ਜਿਸ ਕਾਰਨ ਪੱਤ੍ਰੀਆਂ ਲਿਖੀਆਂ ਗਈਆਂ ਸਨ। ਇਹ ਵੀ ਦੱਸੋ ਕਿ ਵਿਸ਼ਵਾਸੀ ਰਸੂਲਾਂ ਦੇ ਹੁਕਮਾਂ ਦੀ ਉਵੇਂ ਪਾਲਨਾ ਕਰਦੇ ਹਨ, ਜਿਵੇਂ ਉਹ ਯਿਸੂ ਦੇ ਹੁਕਮਾਂ ਦੀ ਪਾਲਨਾ ਕਰਦੇ ਹਨ।

ਵਿਸ਼ਵਾਸੀਆਂ ਨੂੰ ਪੱਤ੍ਰੀਆਂ ਵਿੱਚੋਂ ਮੂੰਹ ਜ਼ਬਾਨੀ ਆਪਣੀਆਂ ਮਨਪਸੰਦ ਆਇਤਾਂ ਸੁਣਾਉਣ ਦਿਓ।

ਬੱਚਿਆਂ ਨੂੰ ਨਾਟਕ ਜਾਂ ਪ੍ਰਸ਼ਨ ਜਿਹੜੇ ਉਨ੍ਹਾਂ ਤਿਆਰ ਕੀਤੇ ਹਨ ਪੇਸ਼ ਕਰਨ ਦਿਓ।

ਉਨ੍ਹਾਂ ਸ਼ਹਿਰਾਂ ਦਾ ਨਕਸ਼ਾ ਵਿਖਾਓ, ਜਿਨ੍ਹਾਂ ਨੂੰ ਪੌਲੁਸ ਨੇ ਆਪਣੇ ਪੱਤਰ ਲਿਖੇ।



**ਪੰਜ ਬਾਲਗਾਂ** ਨੂੰ ਯਾਕੂਬ, ਪਤਰਸ, ਯੂਹੰਨਾ, ਯਹੂਦਾਹ ਅਤੇ ਪੌਲੁਸ ਦਾ ਪ੍ਰਤੀਨਿਧ ਕਰਨ ਦਿਓ। ਆਪਣੇ ਆਪ ਦੀ ਉਵੇਂ ਪਹਿਚਾਣ ਕਰਵਾਓ, ਜਿਵੇਂ ਹੇਠਾਂ ਸੁਝਾਅ ਦਿੱਤਾ ਗਿਆ ਹੈ, ਅਤੇ ਫਿਰ ਆਪਣੇ ਬਾਰੇ ਉਨ੍ਹਾਂ ਤੱਥਾਂ ਨੂੰ ਬਿਆਨ ਕਰੋ, ਜਿਨ੍ਹਾਂ ਦੀ ਸੂਚੀ ਉੱਪਰ ਭਾਗ 1 ਹੇਠਾਂ ਦਿੱਤੀ ਗਈ ਹੈ।

**ਯਾਕੂਬ** : "ਮੈਂ ਯਾਕੂਬ ਹਾਂ, ਸਾਡੇ ਪ੍ਰਭੂ ਯਿਸੂ ਮਸੀਹ ਦਾ ਸਕਾ ਭਰਾ। ਮੈਂ ਯਰੂਸ਼ਲਮ ਵਿੱਚ ਵਿਸ਼ਵਾਸੀਆਂ ਦਾ ਨਿਗਾਹਵਾਨ ਸੀ, ਅਤੇ ਲਗਾਤਾਰ ਯਹੂਦੀ ਵਿਸ਼ਵਾਸੀਆਂ ਨਾਲ ਸੰਘਰਸ਼ ਕਰਦਾ ਸੀ, ਜਿਹੜੇ ਨਵੇਂ ਨੇਮ ਦੀ, ਸਾਡੇ ਪ੍ਰਭੂ ਦੀ, ਮੁਫ਼ਤ ਦੀ ਕਿਰਪਾ ਤੇ ਭਰੋਸਾ ਕਰਨ ਦੀ ਬਜਾਏ, ਪੁਰਾਣੇ ਨੇਮ ਦੀ ਸ਼ਰਾ ਵੱਲ ਜਾਣਾ ਚਾਹੁੰਦੇ ਸਨ।"

**ਪਤਰਸ** : "ਮੈਂ ਪਤਰਸ ਹਾਂ, ਮੱਛੀਆਂ ਫੜਨ ਵਾਲਾ। ਮੈਂ ਵੇਖਿਆ ਕਿ ਯਿਸੂ ਨੇ ਵਾਅਦੇ ਕੀਤੇ ਹੋਏ ਮਸੀਹ ਬਾਰੇ ਸਾਰੀਆਂ ਭਵਿੱਖਬਾਣੀਆਂ ਪੂਰੀਆਂ ਕੀਤੀਆਂ। ਮੈਂ ਕੈਸਰਿਯਾ ਸ਼ਹਿਰ ਵਿੱਚ ਗੈਰ–ਯਹੂਦੀ ਵਿਸ਼ਵਾਸੀਆਂ ਉੱਤੇ ਪਵਿੱਤਰ ਆਤਮਾ ਉਤਰਦਾ ਵੇਖਿਆ। ਇਹ ਬਹੁਤ ਅਨੋਖੀ ਗੱਲ ਸੀ। ਫਿਰ ਵੀ, ਜਿਸ ਨੇ ਯਰੂਸ਼ਲਮ ਦੇ ਯਹੂਦੀਆਂ ਵਿੱਚ ਗੰਭੀਰ ਪ੍ਰਸ਼ਨ ਖੜੇ ਕਰ ਦਿੱਤੇ।"

**ਯੂਹੰਨਾ** :"ਮੈਂ ਯੂਹੰਨਾ ਹਾਂ। ਮੈਂ ਇਸ ਲਈ ਲਿਖਿਆ ਤਾਂ ਜੋ ਲੋਕ ਯਕੀਨੀ ਤੌਰ ਤੇ ਉਨ੍ਹਾਂ ਗੱਲਾਂ ਨੂੰ ਜਾਣ ਸੱਕਣ ਜਿਨ੍ਹਾਂ ਦੀ ਮੈਂ ਗਵਾਹੀ ਦਿੱਤੀ ਹੈ। ਮੈਂ ਯਿਸੂ ਉੱਤੇ ਕਬੂਤਰ ਦੀ ਨਿਆਈਂ ਆਤਮਾ ਉੱਤਰਦਾ ਵੇਖਿਆ ਜਦੋਂ ਉਸਨੇ ਬਪਤਿਸਮਾ ਲਿਆ ਅਤੇ ਸਵਰਗ ਵਿੱਚੋਂ ਪਿਤਾ ਦੀ ਆਵਾਜ਼ ਸੁਣੀ। ਮੈਂ ਯਿਸੂ ਨੂੰ ਮੁਰਦਿਆਂ ਵਿੱਚੋਂ ਜੀ ਉੱਠਣ ਦੇ ਬਾਅਦ ਵੀ ਵੇਖਿਆ।"

**ਯਹੂਦਾਹ**: "ਮੈਂ ਯਹੂਦਾਹ ਹਾਂ। ਮੈਂ ਵੀ ਯਿਸੂ ਦਾ ਭਰਾ ਸੀ ਅਤੇ ਗਲੀਲ ਵਿੱਚ ਉਹਦੇ ਨਾਲ ਜਵਾਨ ਹੋਇਆ। ਮੈਂ ਹੈਰਾਨ ਹੋ ਗਿਆ ਜਦੋਂ ਉਸਨੇ ਪਹਿਲੀ ਵਾਰ ਚਮਤਕਾਰ ਕੀਤਾ। ਨਾਸਰਤ ਦੇ ਦੂਜੇ ਲੋਕਾਂ ਦੀ ਤਰ੍ਹਾਂ, ਮੈਨੂੰ ਵੀ ਉਸ ਤੇ ਵਿਸ਼ਵਾਸ ਕਰਨਾ ਔਖਾ ਲੱਗਾ। ਪਰ ਮੈਂ ਛੇਤੀ ਹੀ, ਜੋ ਉਸ ਨੇ ਕਿਹਾ ਅਤੇ ਕੀਤਾ ਉਸ ਤੋਂ ਜਾਣ ਲਿਆ, ਕਿ ਉਹ ਪਰਮੇਸ਼ੁਰ ਦਾ ਪੁੱਤਰ ਸੀ।

**ਪੌਲੁਸ** : "ਮੈਂ ਪੌਲੁਸ ਰਸੂਲ ਹਾਂ। ਮੈਂ ਕੱਟੜ ਫ਼ਰੀਸੀ ਸੀ ਅਤੇ ਵਿਸ਼ਵਾਸੀਆਂ ਨਾਲ ਨਫ਼ਰਤ ਕਰਦਾ ਸੀ। ਮੈਂ ਬੇਦਰਦੀ ਨਾਲ ਉਨ੍ਹਾਂ ਨੂੰ ਸਤਾਇਆ, ਜਿੰਨ੍ਹੀ ਦੇਰ ਤੱਕ ਦੇਮਿਸਕ ਦੇ ਰਸਤੇ ਵਿੱਚ ਯਿਸੂ ਨੇ ਆਪਣੇ ਆਪ ਨੂੰ ਮੇਰੇ ਤੇ ਪ੍ਰਗਟ ਨਹੀਂ ਕੀਤਾ। ਉਸਨੂੰ ਪਰਤਾਪੀ ਰੂਪ ਵਿੱਚ ਵੇਖਕੇ ਮੈਂ, ਲੰਬੇ ਸਮੇਂ ਤੱਕ ਅੰਨ੍ਹਾ ਰਿਹਾ। ਹੁਣ ਮੈਂ ਸਿਰਫ ਉਸਦੀ ਸੇਵਾ ਕਰਦਾ ਹਾਂ।"

**ਪ੍ਰਭੂ ਭੋਜ ਸ਼ੁਰੂ ਕਰਨ ਲਈ** ਯੂਹੰਨਾ 1:7-10 ਪੜ੍ਹੋ। ਦੱਸੋ ਕਿ ਅਸੀਂ ਪ੍ਰਭੂ ਭੋਜ ਲੈਣ ਤੋਂ ਪਹਿਲਾਂ, ਪਵਿੱਤਰ ਪਰਮੇਸ਼ੁਰ ਅੱਗੇ ਸੱਚੇ ਦਿਲੋਂ ਆਪਣੇ ਪਾਪਾਂ ਦਾ ਇਕਰਾਰ ਕਰਦੇ ਹਾਂ, ਇਹ ਜਾਣਦੇ ਹੋਏ ਕਿ ਉਹ ਸਾਡੇ ਪ੍ਰਭੂ ਯਿਸੂ ਮਸੀਹ ਦੇ ਸ਼ਕਤੀਸ਼ਾਲੀ ਅਤੇ ਸ਼ੁੱਧ ਕਰਨ ਵਾਲੇ ਲਹੂ ਨਾਲ ਸਾਡੇ ਪਾਪਾਂ ਤੋਂ ਸਾਨੂੰ ਸ਼ੁਧ ਕਰਦਾ ਹੈ।"

**ਵਿਸ਼ਵਾਸੀ ਨੂੰ ਵਡਿਆਈ ਦੀਆਂ ਗਵਾਹੀਆਂ ਦੇਣ ਦਿਓ** ਕਿ ਰਸੂਲਾਂ ਦੀਆਂ ਪੱਤ੍ਰੀਆਂ ਦੀਆਂ ਸਿੱਖਿਆਵਾਂ ਨੂੰ ਮੰਨ ਕੇ ਉਨ੍ਹਾਂ ਨੇ ਆਪਣੇ ਜੀਵਨਾਂ ਵਿੱਚ ਕਿਵੇਂ ਬਰਕਤ ਪਾਈ ਹੈ।

ਇਕੱਠੇ ਮਿਲਕੇ 1 ਯੂਹੰਨਾ 2:12-13 **ਯਾਦ ਕਰੋ**। ਨਵੇਂ ਨੇਮ ਦੀਆਂ ਸੱਚਾਈਆਂ ਜਿਨ੍ਹਾਂ ਬਾਰੇ ਹੁਣੇ ਉਨ੍ਹਾਂ ਸਿੱਖਿਆ, ਪ੍ਰਾਰਥਨਾ ਕਰਨ, ਗਤੀਵਿਧੀਆਂ ਦੀਆਂ ਯੋਜਨਾਵਾਂ ਦੀ ਪੁਸ਼ਟੀ ਕਰਨ ਅਤੇ ਇਕ ਦੂਜੇ ਨੂੰ ਉਤਸਾਹਿਤ ਕਰਨ ਲਈ ਦੋ ਜਾਂ ਤਿੰਨ ਲੋਕਾਂ ਦੇ **ਸਮੂਹ ਬਣਾਉਣ**।

Copyright 2004 © by Paul-Timothy. May be freely copied. Download from www.Paul-Timothy.net